## ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

## ਕੜੀ-23, ਜਲ ਸੁਰੱਖਿਅਣ ਵਾਸਤੇ ਨਵੀਆਂ ਪਹਿਲ ਕਦਮੀਆਂ **(New Initiatives for Water Conservation)**


ਖੋਜ ਤੇ ਲੇਖਣ: ਸ੍ਰੀਨਿਵਾਸ ਓਲੀ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ


( In today's episode we have discussed various new initiatives and aspects of the issues involved in the technology and methods of water conservation, which can help us to face the problem of water shortage. The story starts with Rahul who is residing in a small village which is situated in Utrakhand in the Shivalik Mountains of the mighty Himalayan range. We shall also discuss the implications of this story for the state of Punjab which is reeling under pressure of acute depletion of ground water.)

(ਅੱਜ ਦੀ ਕੜੀ ਵਿੱਚ ਅਸੀਂ ਚਰਚਾ ਕੀਤੀ ਹੈ ਪਾਣੀ ਬਚਾਉਣ ਦੀਆਂ ਨਵੀਆਂ ਪਹਿਲਕਦਮੀਆਂ , ਤਕਨਾਲੋਜੀਆਂ, ਸਾਜੋ ਸਮਾਨ ਅਤੇ ਵਿਧੀਆਂ ਬਾਬਤ ਸ਼ਾਮਲ ਉਨ੍ਹਾਂ ਪੱਖਾਂ ਉਪਰ ਜਿਹੜੇ ਸਹਾਈ ਹੋ ਸਕਦੇ ਨੇ ਸਾਡੇ ਵਾਸਤੇ ਪਾਣੀ ਦੀ ਪੈਦਾ ਹੋ ਰਹੀ ਕਿੱਲਤ ਨੂੰ ਹੱਲ ਕਰਨ ਵਾਸਤੇ ।ਆਓ ਮਿਲੀਏ ਰਾਹੁਲ ਨੂੰ, ਜੋ ਰਹਿੰਦਾ ਹੈ ਇੱਕ ਛੋਟੇ ਜਿਹੇ ਪਿੰਡ ਵਿੱਚ ! ਇਹ ਪਿੰਡ ਵਸਿਆ ਹੈ ਉਤਰਾਖੰਡ ਵਿੱਚ ਮਹਾਬਲੀ ਹਿਮਾਲਿਆ ਪ੍ਰਬਤੀ ਲੜੀ ਦੀਆਂ ਸ਼ਿਵਾਲਿਕ ਪਹਾੜੀਆਂ ਦੇ ਵਿਚਕਾਰ ।ਇਸ ਕੜੀ ਵਿੱਚ ਅਸੀਂ ਇਸ ਕਹਾਣੀ ਦੇ ਪੰਜਾਬ ਵਾਸਤੇ ਨਤੀਜਿਆਂ ਤੇ ਵੀ ਚਰਚਾ ਕਰਾਂਗੇ ਜੋ ਕਿ ਧਰਤੀ ਹੇਠਲੇ ਪਾਣੀ ਦੀ ਗੰਭੀਰ ਸਮੱਸਿਆ ਨਾਲ ਰਿਹਾ ਹੈ ਜੂਝ ! )

ਪਾਤਰ

**ਇਸਤਰੀ ਸੂਤਰਧਾਰ**

**ਪੁਰਸ਼ ਸੂਤਰਧਾਰ**

**ਰਾਹੁਲ-** ਖੋਜ ਵਿਦਿਆਰਥੀ (23-24ਸਾਲ)

**ਗੋਪਾਲ-** ਰਾਹੁਲ ਦੇ ਚਾਚਾ (60 ਸਾਲ)

**ਗੀਤਾ-** ਰਾਹੁਲ ਦੀ ਚਾਚੀ (55 ਸਾਲ)

**ਸੁਰਜੀਤ ਕੌਰ-** ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ (30-35 ਸਾਲ)

**ਦੀਨੂ-** ਪਿੰਡ ਵਾਸੀ (55 ਸਾਲ)

**ਸਰੀਤਾ-** ਦੀਨੂ ਦੀ ਧੀ/ ਵਿਦਿਆਰਥਣ (20ਸਾਲ)

**ਡਾ. ਹਰਜੀਤ ਸਿੰਘ-** ਜਲ ਪ੍ਰਬੰਧਨ ਮਾਹਿਰ (55-60 ਸਾਲ)

### <u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ...... ਸੰਗੀਤ...

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ।ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ" ਦੀਆਂ ਬਾਈ ਕੜੀਆਂ ਆਪ ਸੁਣ ਚੁੱਕੇ ਹੋ । ਇਨ੍ਹਾਂ ਵਿੱਚ ਕੀਤੀ ਹੈ ਚਰਚਾ ਸਾਡੇ ਪ੍ਰਚੱਲਤ ਵਿਕਾਸ ਮਾਡਲ ਵਿੱਚ ਪੈਦਾ ਹੋਏ ਖਪਤਵਾਦ ਦੀ ! ਖਪਤ ਸਭਿਆਚਾਰ ਵਾਲੀ ਜੀਵਣ ਸ਼ੈਲੀ ਦੇ ਸਿੱਟਿਆਂ ਦੀ ! ਕੀਤੀਆਂ ਨੇ ਪੇਸ਼ਕਾਰੀਆਂ, ਉਨ੍ਹਾਂ ਖਤਰਿਆਂ ਬਾਬਤ ਜੋ ਦਰਪੇਸ਼ ਨੇ ਸਾਡੇ ਇਸ ਜੈਵਿਕ ਤੇ ਅਜੈਵਿਕ ਸੰਸਾਰ ਨੂੰ, ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਇਸ ਕੜੀ ਵਿੱਚ ਕਰਾਂਗੇ ਅਸੀਂ ਪੇਸ਼ਕਾਰੀ ਉਨ੍ਹਾਂ ਨਵੀਂਆਂ ਪਹਿਲ ਕਦਮੀਆਂ, ਤਕਨੀਕਾਂ , ਤਕਨਾਲੋਜੀਆਂ ਅਤੇ ਵਿਧੀਆਂ ਦੀ, ਵਰਤੋਂ ਹੋ ਸਕਦੀ ਹੈ ਜਿਨ੍ਹਾਂ ਦੀ ਜਲ ਸੁਰੱਖਿਅਣ ਦੇ ਵਿੱਚ ! ਕਰਾਂਗੇ ਚਰਚਾ ਉਨ੍ਹਾਂ ਪੱਖਾਂ 'ਤੇ ਵੀ ਜੋ ਲਾਗੂ ਹੋ ਸਕਦੇ ਨੇ ਸਾਡੇ ਪੰਜਾਬ ਵਿੱਚ ਵੀ , ਜੂਝ ਰਿਹਾ ਹੈ ਜੋ ਧਰਤੀ ਹੇਠਲੇ ਪਾਣੀ ਦੀ ਕਮੀ ਦੇ ਗੰਭੀਰ ਸੰਕਟ ਦੇ ਨਾਲ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜ਼ਿੰਦਗੀ" ਦੀ ਇਸ ਤੇਈਵੀਂ ਕੜੀ ਵਿੱਚ ਸੁਆਗਤ ਹੈ ਸਾਡੇ ਸਾਰੇ ਸ੍ਰੋਤਿਆਂ ਦਾ ।ਬੱਚਿਆਂ, ਅਧਿਆਪਕਾਂ , ਔਰਤਾਂ ਤੇ ਮਰਦਾਂ ਦਾ । ਸੱਭ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:** ਪਿਛਲੀ ਕੜੀ ਵਿੱਚ ਅਸੀਂ ਸੁਣਿਆ ਸੀ ਬ੍ਰਿਤਾਂਤ ਵਰਖਾ ਦੇ ਪਾਣੀ ਨੂੰ ਸਹੇਜਣ ਦਾ !

**ਔਰਤ ਸੂਤਰਧਾਰ:** ਕੀਤੀ ਸੀ ਚਰਚਾ ਵਰਖਾ ਦੇ ਪਾਣੀ ਨੂੰ ਸਹੇਜ ਕੇ ਭੂ-ਜਲ ਦੇ ਪੱਧਰ ਨੂੰ ਕਾਇਮ ਰੱਖਣ ਬਾਬਤ, ਤਾਕਿ ਖਤਮ ਨਾ ਹੋ ਜਾਵੇ ਪਾਣੀ ਦਾ ਇਹ ਅਨਮੋਲ ਖਜਾਨਾ !

**ਮਰਦ ਸੂਤਰਧਾਰ:** ਸੁਣਾਈ ਸੀ ਵਾਰਤਾ ਕਿ ਧਰਤੀ ਅੰਦਰ ਪਰਤ ਦਰ ਪਰਤ ਸਾਂਭਿਆ ਪਿਆ ਜਲ ਵੀ ਹੈ ਕੁਦਰਤ ਦੀ ਇੱਕ ਦਾਤ ! ਅਧਿਕਾਰ ਹੈ ਜਿਸ ਉਪਰ ਸਾਰਿਆਂ ਦਾ !

**ਔਰਤ ਸੂਤਰਧਾਰ:** ਅਧਿਕਾਰ ! ਕੇਵਲ ਮਨੁੱਖ ਜਾਤੀ ਦਾ ਹੀ ਨਹੀਂ ਸਗੋਂ ਸਾਰੇ ਜੀਵ ਜੰਤੂਆਂ, ਪੇੜ ਪੌਦਿਆਂ, ਬਨਸਪਤੀਆਂ ਅਤੇ ਅਜੈਵਿਕ ਸੰਸਾਰ ਦਾ ਵੀ ।

**ਮਰਦ ਸੂਤਰਧਾਰ:** " **ਆਓ ਮੀਂਹ ਦੇ ਪਾਣੀ ਨੂੰ ਸਹੇਜੀਏ- ਰਲ ਕੇ**" ਵਿੱਚ ਦੱਸੀ ਸੀ ਜੁਗਤ, ਢਲਾਣ ਠੀਕ ਬਣਾ ਕੇ ਛੱਤਾਂ ਦੇ ਪਾਣੀ ਨੂੰ ਪਤਨਾਲਿਆਂ ਰਾਹੀਂ ਸਹੇਜ ਕੇ ਟਪਕੇ ਤੋਂ ਬਚਣ ਦੀ ਵੀ ।

**ਔਰਤ ਸੂਤਰਧਾਰ:** ਆਹੋ ਜੀ! ਸੁਣਾਇਆ ਸੀ ਬ੍ਰਿਤਾਂਤ ਪੰਜਾਬ ਦੇ ਪਿੰਡਾਂ ਦੇ ਟੋਭੇ ਤੇ ਸ਼ਹਿਰਾਂ ਦੇ ਤਲਾਬ ਦੀ ਬਰਬਾਦੀ ਦਾ , ਜਿਹੜੇ ਸਨ ਵਰਖਾ ਦੇ ਜਲ ਦੀ ਸੰਭਾਲ ਦਾ ਇਕ ਸਹਿਜ ਤੇ ਕੁਦਰਤੀ ਤਰੀਕਾ !

**ਮਰਦ ਸੂਤਰਧਾਰ:** ਸੁਣਾਈ ਸੀ ਗਾਥਾ ਕਿ ਕਿਵੇਂ ਟੋਭੇ ਕਰਦੇ ਸਨ ਕੰਮ ਬਹੁ-ਮੰਤਵੀ ਯੋਜਨਾਵਾਂ ਦਾ , ਪਿੰਡ ਦੇ ਵਾਸੀਆਂ ਵਾਸਤੇ ! ਬਣ ਗਏ ਸਨ ਇਹ ਪਿੰਡ ਦੇ ਸਭਿਆਚਾਰ ਦੇ ਕੇਂਦਰ !

**ਔਰਤ ਸੂਤਰਧਾਰ:** ਦੱਸਿਆ ਸੀ ਕਿ ਕਿਵੇਂ ਬੇਸਮਝੀ ਕਾਰਨ ਪਿੰਡਾਂ ਨੇ ਇਨ੍ਹਾਂ ਟੋਭਿਆਂ ਦਾ ਬਚਿਆ ਖੁਚਾ ਵਰਖਾ ਜਲ ਵੀ ਸੁਟ ਦਿੱਤਾ ਬਰਸਾਤੀ ਨਾਲਿਆਂ ਵਿੱਚ ਹਜਾਰਾਂ ਮੀਟਰ ਜ਼ਮੀਨਦੋਜ਼ ਪਾਈਪਾਂ ਪਾ ਕੇ ।

**ਮਰਦ ਸੂਤਰਧਾਰ:**ਵਰਖਾ ਜਲ ਨੂੰ ਸਹੇਜਣ ਵਾਸਤੇ ਚਾਲ-ਖਾਲ ਤੇ ਨੌਲੇ ਧਾਰਿਆਂ ਦੀ ਮਹੱਤਤਾ 'ਤੇ ਵੀ ਹੋਈ ਸੀ ਚਰਚਾ।

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਵਰਖਾ ਜਲ ਨੂੰ ਸਹੇਜਣ ਵਿੱਚ ਰੁੱਖਾਂ ਦੀ ਭੂਮਿਕਾ ਦੀ ਵੀ !

**ਮਰਦ ਸੂਤਰਧਾਰ:** ਇਹ ਵੀ ਤਾਂ ਦੱਸਿਆ ਸੀ ਕਿ ਸੜਕਾਂ ਚੌੜੀਆਂ ਕਰਨ ਦੇ ਵਾਸਤੇ, ਵੱਡੇ ਵੱਡੇ ਪੁਲਾਂ ਵਾਸਤੇ ਕਿਵੇਂ ਹੋ ਰਹੀ ਹੈ ਰੁੱਖਾਂ ਦੀ ਧੜਾ ਧੜ ਕਟਾਈ !

**ਔਰਤ ਸੂਤਰਧਾਰ:** ਸੁਣੀ ਸੀ ਕਹਾਣੀ ਚਿਪਕੋ ਵਰਗੇ ਅੰਦੋਲਣਾਂ ਦੀ, ਬਚਾਏ ਸਨ ਰੁੱਖ ਜਾਨਾਂ ਵਾਰ ਕੇ ਵੀ !

**ਮਰਦ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਵਾਂਗੇ ਅਸੀਂ ਕਹਾਣੀ ਉਨ੍ਹਾਂ ਪਹਿਲ ਕਦਮੀਆਂ ਦੀ, ਕੀਤੀਆਂ ਜਾ ਰਹੀਆਂ ਨੇ ਜੋ ਜਲ ਸੁਰੱਖਿਅਣ ਦੇ ਵਾਸਤੇ ।

**ਔਰਤ ਸੂਤਰਧਾਰ:** ਹਾਂ ਜੀ ਹੋਵੇਗੀ ਚਰਚਾ ਉਨ੍ਹਾਂ ਤਕਨਾਲੋਜੀਆਂ ਤੇ ਵਿਧੀਆਂ ਉਪਰ ਵੀ ਵਰਤੀਆਂ ਜਾਂਦੀਆਂ ਨੇ ਜੋ ਇਨ੍ਹਾਂ ਨਵੀਂਆਂ ਪਹਿਲ ਕਦਮੀਆਂ ਦੇ ਦੌਰਾਨ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀ ਤੇਈਵੀਂ ਕੜੀ ," **ਜਲ ਸੁਰੱਖਿਅਣ ਵਾਸਤੇ ਨਵੀਆਂ ਪਹਿਲ ਕਦਮੀਆਂ** " ਪੇਸ਼ ਕਰਦੇ ਨੇ ਇਉਂ ਇਨ੍ਹਾਂ ਦੀ ਕਹਾਣੀ ਆਪਣੀ ਜ਼ੁਬਾਨੀ ਸਾਡੇ ਕਲਾਕਾਰ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

..................**ਕੜੀ ਦਾ ਸੰਗੀਤ** ............

**ਸਿਰਲੇਖ ਧੁਨੀ (ਸਿਗਨੇਚਰ ਟਿਊਨ)**..................................**ਮੱਧਮ ਪੈਂਦੀ ਹੈ (ਫੇਡਜ਼ ਆਊਟ)**

**ਦ੍ਰਿਸ਼ -ਪਹਿਲਾ**

(ਸਵੇਰ ਦਾ ਸਮਾਂ/ ਚਿੜੀਆਂ ਦੀ ਚਹਿਚਹਾਟ/ ਮੰਦ-ਮੰਦ ਰੁਮਕਦੀ ਪੌਣ / ਖਿੜਕੀ ਖੋਲ੍ਹਣ ਦੀ ਆਵਾਜ਼)

**ਰਾਹੁਲ:** ਵਾਹ! ਕਿੰਨਾ ਹੈ ਮਨਮੋਹਕ ਦ੍ਰਿਸ਼ ਸਾਡੇ ਇਸ ਪਿੰਡ ਦਾ ! ਕਿੰਨੀ ਮਿਲਦੀ ਹੈ ਸ਼ਾਂਤੀ ਤੇ ਹੁੰਦੀ ਹੈ ਮਾਨਸਿਕ ਸੰਤੁਸ਼ਟੀ......! (ਚਿੜੀਆਂ ਦੀ ਚਹਿਚਹਾਟ) ਇਹ ਮਿੱਠੀ ਮਿੱਠੀ ਧੁਨ! ਸਾਂਹ ਲੈਣ ਵਾਸਤੇ ਹਵਾ ਵੀ ਕਿੰਨੀ ਹੈ ਤਾਜ਼ੀ ! ਕੁਦਰਤ ਦਾ ਸੁਹਪਣ ਕੀਤਾ ਨਹੀਂ ਜਾ ਸਕਦਾ ਬਿਆਨ ......... !

(ਪੈਰਾਂ ਦੀ ਆਵਾਜ਼... ਨੇੜੇ ਆਉਂਦੀ ਹੋਈ)

**ਗੋਪਾਲ:** ਰਾਹੁਲ ਪੁੱਤ, ਇਹੀ ਤਾਂ ਹੈ ਅੰਤਰ; ਇੰਨ੍ਹਾਂ ਪਿੰਡਾਂ ਦੀ ਤੇ ਸ਼ਹਿਰਾਂ ਦੀ ਜ਼ਿੰਦਗੀ ਵਿਚ।

**ਰਾਹੁਲ:** ਚਾਚਾ ਜੀ, ਤੁਸੀਂ ਐਨੀ ਛੇਤੀ ਉੱਠ ਗਏ ! (ਹਲਕੀ ਹਾਸੀ ਦੇ ਨਾਲ) ਸਵੇਰੇ ਉੱਠਣ ਦਾ ਹਰ ਰੋਜ ਇਹੀ ਵਕਤ ਹੈ ਤੁਹਾਡਾ ਜਾਂ ਫਿਰ ਅੱਜ ਹੀ?

**ਗੋਪਾਲ:** ਰਾਹੁਲ! ਅਸੀਂ ਹੋਏ ਖੇਤੀਬਾੜੀ ਕਰਨ ਵਾਲੇ ਲੋਕ। ਸਵੇਰੇ ਨਹੀਂ ਉੱਠਾਂਗੇ ਤਾਂ ਕੰਮ ਨਹੀਂ ਚਲੇਗਾ।ਮੈਂ ਜਾਣਦਾ ਹਾਂ ਕਿ ਯੂਨੀਵਰਸਿਟੀ ਦੇ ਹੋਸਟਲ ਵਿਚ ਤੁਸੀਂ ਸ਼ਾਇਦ ਹੀ ਕਦੇ ਐਨੀ ਛੇਤੀ ਉੱਠੇ ਹੋਵੋਗੇ ! ਕਿਉਂ, ਸਹੀ ਕਿਹਾ ਮੈਂ ?

(ਪੈਰਾਂ ਦੀ ਆਵਾਜ਼ ਨੇੜੇ ਆਉਂਦੀ ਹੋਈ)

**ਗੀਤਾ:** ਕਿਉਂ ਪ੍ਰੇਸ਼ਾਨ ਕਰਦੇ ਹੋ ਰਾਹੁਲ ਨੂੰ..।

**ਗੋਪਾਲ:** ਮੈਂ ਤਾਂ ਇਸ ਨੂੰ ਸਮਝਾ ਰਿਹਾ ਹਾਂ..। ਪ੍ਰੇਸ਼ਾਨ ਭਲਾ ਮੈਂ ਕਿਉਂ ਕਰਾਂਗਾ ?

**ਗੀਤਾ:** ਠੀਕ ਆ.. ਠੀਕ ਆ। ਰਾਹੁਲ ਤੂੰ ਵੀ ਛੇਤੀ ਤਿਆਰ ਹੋ ਜਾਹ । ਖਾ ਲੈ ਹਾਜਰੀ ਦੀ ਰੋਟੀ ਵੀ ! (ਛਾਹ ਵੇਲਾ)

**ਰਾਹੁਲ:** ਤਿਆਰ..? ਕਿੱਥੇ ਜਾਣ ਦੇ ਲਈ?

**ਗੀਤਾ:** ਭੁੱਲ ਗਿਆ ? ਕੱਲ੍ਹ ਤਾਂ ਰੱਟ ਲਗਾ ਰੱਖੀ ਸੀ ਕਿ ਸਵੇਰੇ-ਸਵੇਰੇ ਘਰਾਟ ਦੇਖਣ ਜਾਵਾਂਗਾ।

**ਰਾਹੁਲ** (ਉਤਸ਼ਾਹ ਨਾਲ): ਹਾਂ ਚਾਚੀ ਜੀ..। ਮੈਂ ਤਾਂ ਭੁੱਲ ਹੀ ਗਿਆ ਸੀ। ਚੰਗਾ ਹੋਇਆ ਤੁਸੀਂ ਯਾਦ ਕਰਵਾ ਦਿੱਤਾ। ਆਟਾ ਪੀਹਣ ਵਾਲੀ ਪਣਚੱਕੀ.. ਯਾਣੀ ਘਰਾਟ ਦੇਖਣ ਦੀ ਤਾਂ ਮੇਰੀ ਬਹੁਤ ਇੱਛਾ ਹੈ। ਪਹਾੜਾਂ ਵਿਚ ਛੋਟੀਆਂ-ਛੋਟੀਆਂ ਜਲ ਧਾਰਾਵਾਂ 'ਤੇ ਬਣੀਆਂ ਇਹਨਾਂ ਪਣਚੱਕੀਆਂ ਦੇ ਬਾਰੇ ਮੈਂ ਤਾਂ ਸਿਰਫ਼ ਪੜ੍ਹਿਆ ਹੀ ਏ, ਇਨ੍ਹਾਂ ਨੂੰ ਚਲਦੀਆਂ ਨੂੰ ਨਹੀਂ ਦੇਖਿਆ ਕਦੀ ਵੀ ।ਹੁੰਦਾ ਹਾਂ ਮੈਂ ਤਿਆਰ !

(ਹੌਲੀ-ਹੌਲੀ ਦੂਰ ਜਾਂਦੀ ਪੈਰਾਂ ਦੀ ਆਵਾਜ਼ !)

**ਗੀਤਾ:** ਲੱਗਦਾ ਏ ਤੁਸੀਂ ਵੀ ਨਾਹ ਕੇ ਤਿਆਰ ਹੋ ਗਏ ਹੋ । ਮੈਂ ਨਾਸ਼ਤਾ ਲਗਾ ਦਿੰਦੀ ਹਾਂ।(ਭਾਂਡਿਆਂ ਦੀ ਆਵਾਜ਼/ ਚਮਚ/ ਕੌਲੀ/ ਥਾਲੀ) ਪਿੰਡਾਂ ਬਾਬਤ ਸ਼ਹਿਰੀ ਬੱਚਿਆਂ ਦਾ ਇਹ ਕੌਤੂਹਲ ਕਦੇ-ਕਦੇ ਚੰਗਾ ਵੀ ਲੱਗਦਾ ਏ ਅਤੇ ਕਦੇ ਹੈਰਾਨ ਵੀ ਕਰਦਾ ਏ।

**ਗੋਪਾਲ:** ਬੇਸ਼ੱਕ ਤੁਹਾਡਾ ਕਿਹਾ ਸੌ ਫੀ ਸਦੀ ਸੱਚ ਹੈ ਪਰ ਘੱਟੋ-ਘੱਟ ਸਾਡੇ ਭਤੀਜੇ ਰਾਹੁਲ ਅੰਦਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਰੇ ਜਾਣਨ ਦੀ ਇੱਛਾ ਤਾਂ ਹੈ ਨਾ ।

(ਪੈਰਾਂ ਦੀ ਆਵਾਜ਼ ਨੇੜੇ ਆਉਂਦੀ ਹੋਈ)

**ਰਾਹੁਲ**: (ਖੁਸ਼ੀ ਵਿਚ): ਚਾਚੀ ਜੀ ! ਕਮਾਲ ! (ਹਲਕੀ ਹਾਸੀ ਨਾਲ) ਮੈਂ ਤਾਂ ਸੋਚ ਰਿਹਾ ਸੀ ਕਿ ਐਨੀ ਸਵੇਰੇ-ਸਵੇਰੇ ਬਿਨਾ ਕੁੱਛ ਖਾਧੇ ਜਾਵਾਂਗਾ ਕਿਵੇਂ!

**ਗੋਪਾਲ:** ਤਾਂਹੀਂ ਤਾਂ ਤੇਰੀ ਚਾਚੀ ਨੇ ਸਵੇਰੇ-ਸਵੇਰੇ ਐਨਾ ਸਵਾਦ ਨਾਸ਼ਤਾ ਤਿਆਰ ਕੀਤਾ ਐ।ਇਨ੍ਹਾਂ ਤਾਜ਼ੀਆਂ ਸਬਜ਼ੀਆਂ ਨਾਲ ਖਾਓ ਗਰਮਾ-ਗਰਮ ਰੋਟੀਆਂ ! ਉਸਦੇ ਬਾਅਦ ਹੋਵੇਗੀ ਸਾਡੀ ਯਾਤਰਾ ਦੀ ਸ਼ੁਰੂਆਤ।

**ਰਾਹੁਲ:** (ਨਾਸ਼ਤਾ ਖਤਮ ਕਰਕੇ ) ਹਾਂ ! ਚਾਚਾ ਜੀ ! ਘਰਾਟਾਂ ਨੂੰ ਵੇਖਣ ਲਈ ਮੇਰਾ ਦਿਲ ਬੜਾ ਕਰਦਾ ਹੈ, ਇਨ੍ਹਾਂ ਅਚਰਜ ਮਸ਼ੀਨਾਂ ਨੂੰ ਵੇਖਣ ਦੀ ਮੇਰੀ ਰੀਝ, ਕਰ ਦੇਣੀ ਹੈ ਤੁਸੀਂ ਪੂਰੀ ਅੱਜ ! ਚਲੋ ਚਲੀਏ !

**ਗੀਤਾ:** ਸੁਣੋ ਜੀ, ਘਰਾਟ ਤੋਂ ਛੇਤੀ ਮੁੜ ਆਇਓ। ਉੱਥੇ ਕਿਤੇ ਪੂਰਾ ਦਿਨ ਹੀ ਨਾ ਲਗਾ ਦੇਈਓ ।

**---------------ਦ੍ਰਿਸ਼ ਪਰਿਵਰਤਨ ਸੰਗੀਤ------------------**

## ਦ੍ਰਿਸ਼ 2

(ਪਹਾੜੀ ਪਗਡੰਡੀਆਂ 'ਤੇ ਚੱਲਣ ਦਾ ਦ੍ਰਿਸ਼/ ਦੋ ਆਦਮੀਆਂ ਦੇ ਪੈਰਾਂ ਦੀ ਆਵਾਜ਼ ਸੁਣਾਈ ਦਿੰਦੀ ਹੈ।/ ਪੰਛੀਆਂ ਦੀ ਚਹਿਚਹਾਟ ਅਤੇ ਝਿੰਗਰਾਂ ਦੀ ਅਵਾਜ਼)

**ਰਾਹੁਲ:** ਚਾਚਾ ਜੀ, ਅਜੇ ਹੋਰ ਕਿੰਨਾਂ ਤੁਰਨਾ ਪਏਗਾ। ਮੈਂ ਤਾਂ ਥੱਕ ਗਿਆ।

**ਗੋਪਾਲ:** (ਹਲਕੀ ਹੱਸੀ ਨਾਲ):ਬਸ! ਪਹੁੰਚਣ ਹੀ ਵਾਲੇ ਹਾਂ। ਤੇਰੀ ਉਮਰ ਵਿਚ ਤਾਂ ਅਸੀਂ ਇਕ ਦਿਨ ਵਿਚ ਇੱਥੋਂ ਦੇ ਚਾਰ-ਚਾਰ ਚੱਕਰ ਲਗਾ ਆਉਂਦੇ ਸੀ। ਹੇਠਾਂ ਦੇਖੋ, ਔਹ ਜੋ ਛੋਟੀ ਜਿਹੀ ਨਦੀ ਦਿਸਦੀ ਹੈ ਉਸੇਦੇ ਕਿਨਾਰੇ ਹੀ ਹੈ

ਘਰਾਟ।

(ਪੈਰਾਂ ਦੀ ਆਵਾਜ਼ ਸੁਣਾਈ ਦਿੰਦੀ ਹੈ)

**ਗੋਪਾਲ:** ਸੰਭਲ ਕੇ ਚੱਲੋ। ਇੱਥੇ ਫਿਸਲਣ ਵੀ ਹੋ ਰਹੀ ਏ।
(ਪੈਰਾਂ ਦੀ ਆਵਾਜ਼ ਦੇ ਨਾਲ-ਨਾਲ ਛੋਟੀ ਜਿਹੀ ਪਹਾੜੀ ਨਦੀ ਦਾ ਸ਼ੋਰ ਵੀ ਤੇਜ਼ ਹੁੰਦਾ ਹੋਇਆ)

**ਰਾਹੁਲ**: (ਉਤਸ਼ਾਹ ਵਿਚ): ਆਖਿਰਕਾਰ ਮੈਂ ਘਰਾਟ ਮਤਲਬ ਪਣਚੱਕੀ ਤੱਕ ਪਹੁੰਚ ਹੀ ਗਿਆ।

(ਪਣਚੱਕੀ ਚੱਲਣ ਦੀ ਆਵਾਜ ਅਤੇ ਨਦੀ ਦਾ ਸ਼ੋਰ ਲਗਾਤਾਰ ਚੱਲਦਾ ਰਹਿੰਦਾ ਹੈ)

**ਦੀਨੂ**:(ਕੁਝ ਦੂਰੀ ਤੋਂ ਆਉਂਦੀ ਹੋਈ ਆਵਾਜ਼): ਨਮਸਤੇ! ਗੋਪਾਲ ਭਾਈ। ਬਹੁਤ ਦਿਨਾਂ ਬਾਅਦ ਘਰਾਟ 'ਤੇ ਆਏ ਹੋ ?

**ਗੋਪਾਲ:** ਨਮਸਤੇ ਦੀਨੂ। ਕੀ ਕਰੀਏ! ਹੁਣ ਤਾਂ ਪਿੰਡ-ਪਿੰਡ ਬਿਜਲੀ ਤੇ ਡੀਜ਼ਲ ਦੀਆਂ ਚੱਕੀਆਂ ਲੱਗ ਗਈਆਂ ।ਇੱਥੇ ਆਉਣ ਦਾ ਤਾਂ ਮੌਕਾ ਹੀ ਨਹੀਂ ਮਿਲਦਾ। ਉਹ ਤਾਂ ਮੇਰੇ ਭਤੀਜੇ ਰਾਹੁਲ ਨੇ ਪਣਚੱਕੀ ਦੇਖਣ ਦੀ ਜ਼ਿੱਦ ਕਰ ਰੱਖੀ ਸੀ, ਇਸ ਲਈ ਆਉਣਾ ਪਿਆ।

**ਰਾਹੁਲ:** ਨਮਸਤੇ ਚਾਚਾ।

**ਦੀਨੂ:** ਨਮਸਤੇ ਬੇਟਾ।

**ਰਾਹੁਲ:** ਚਾਚਾ ਜੀ, ਮੈਂ ਇਸ ਪਣਚੱਕੀ ਨੂੰ ਅੰਦਰੋਂ ਵੇਖ ਆਵਾਂ ?

**ਦੀਨੂ:** ਹਾਂ..ਹਾਂ.. ਜ਼ਰੂਰ।

(ਪੈਰਾਂ ਦੀ ਆਵਾਜ਼ ਸੁਣਾਈ ਦਿੰਦੀ ਹੈ/ ਪਿੱਠ -ਭੂਮੀ ਵਿਚ ਪਣਚੱਕੀ ਚੱਲਣ ਦੀ ਤੇ ਛੋਟੀ ਨਦੀ ਦੇ ਵਹਿਣ ਦੀ ਆਵਾਜ਼)

**ਗੋਪਾਲ:** ਹੁਣ ਤਾਂ ਇਨ੍ਹਾਂ ਨਦੀਆਂ ਵਿਚ ਪਾਣੀ ਵੀ ਬਹੁਤ ਘਟ ਗਿਆ। ਪਿਛਲੀਆਂ ਗਰਮੀਆਂ ਵਿਚ ਤਾਂ ਇਹ ਲਗਭਗ ਸੁੱਕ ਹੀ ਗਈਆਂ ਸਨ।

**ਦੀਨੂ:** ਹਾਂ ਗੋਪਾਲ ਭਾਈ, ਨਦੀਆਂ ਦੇ ਸ੍ਰੋਤ ਵੈਸੇ ਹੀ ਸੁੱਕਣ ਲੱਗੇ ਹਨ, ਜ਼ਿਆਦਾਤਰ ਸ੍ਰੋਤਾਂ ਦੇ ਨੇੜੇ ਪਾਈਪ ਲਾਈਨਾਂ ਲਗਾ ਕੇ ਸਾਰਾ ਪਾਣੀ ਤਾਂ ਸ਼ਹਿਰਾਂ ਵਿਚ ਪਹੁੰਚਾਇਆ ਜਾ ਰਿਹਾ ਹੈ। ਇੱਥੇ ਤਾਂ ਫਿਰ ਪਾਣੀ ਘਟਣਾ ਹੀ ਹੈ।

(ਪੈਰਾਂ ਦੀ ਆਵਾਜ਼.. ਨੇੜੇ ਆਉਂਦੀ ਹੋਈ)

**ਰਾਹੁਲ**: (ਉਤਸ਼ਾਹ ਨਾਲ): ਚਾਚਾ ਜੀ! ਸਾਡੇ ਪੁਰਖਿਆਂ ਨੇ ਤਾਂ ਪਾਣੀ ਦੀ ਵਰਤੋਂ ਕਰਨ ਲਈ ਅਨੋਖੀ ਖੋਜ ਕੱਢੀ ਹੈ। ਨਾ ਕੋਈ ਬਿਜਲੀ ਦਾ ਖਰਚ ਤੇ ਨਾ ਕੋਈ ਪ੍ਰਦੂਸ਼ਣ ! ਪਰ ਪਣਚੱਕੀ 'ਤੇ ਲੋਕਾਂ ਦੀ ਆਵਾਜਾਈ ਬਹੁਤ ਘੱਟ ਹੈ।

**ਦੀਨੂ:** ਹੁਣ ਕੋਈ ਇੱਥੇ ਆ ਕੇ ਕਰੇਗਾ ਵੀ ਕੀ ? ਇੱਥੇ ਤਾਂ 20 ਕਿਲੋ ਕਣਕ ਪੀਹਣ ਵਿਚ ਹੀ ਬਹੁਤ ਜ਼ਿਆਦਾ ਸਮਾਂ ਲੱਗ ਜਾਂਦਾ ਏ ! ਇਸੇ ਲਈ ਲੋਕ ਡੀਜ਼ਲ ਜਾਂ ਬਿਜਲੀ ਵਾਲੀਆਂ ਚੱਕੀਆਂ ਵੱਲ ਜਾਣ ਲੱਗ ਗਏ ਹਨ। ਹੁਣ ਤਾਂ ਇਨ੍ਹਾਂ ਚੱਕੀਆਂ ਨੂੰ ਘੁੰਮਾਉਣ ਦੇ ਲਈ ਵਰਤੋਂ ਯੋਗ ਪਾਣੀ ਹੀ ਨਹੀਂ ਬਚਿਆ।

**ਰਾਹੁਲ:** ਪਰ ਜਦੋਂ ਪਿੰਡਾਂ ਵਿਚ ਡੀਜ਼ਲ ਦੇ ਇੰਜਣ ਨਹੀਂ ਸਨ, ਉਦੋਂ ਕੀ ਹੁੰਦਾ ਸੀ?

**ਦੀਨੂ:** ਉਦੋਂ ਦੀ ਤਾਂ ਗੱਲ ਹੀ ਕੁਝ ਹੋਰ ਸੀ। ਇਸ ਨਦੀ ਵਿਚ ਹੀ ਐਨਾ ਜ਼ਿਆਦਾ ਪਾਣੀ ਹੁੰਦਾ ਸੀ ਕਿ ਇਸ ਨੂੰ ਪਾਰ ਕਰਨਾ ਵੀ ਮੁਸ਼ਕਿਲ ਹੁੰਦਾ ਸੀ।

**ਗੋਪਾਲ:** ਹਾਂ ! ਉਦੋਂ ਤਾਂ ਇਸ ਛੋਟੀ ਜਿਹੀ ਨਦੀ ਵਿਚ ਹੀ ਦਸ ਤੋਂ ਵੱਧ ਪਣਚੱਕੀਆਂ ਸਨ। ਔਹ ਦੇਖੋ, ਇਕ ਘਰਾਟ ਦੇ ਖੰਡਰ ਤਾਂ ਇੱਥੋਂ ਨਜ਼ਰ ਵੀ ਆ ਰਹੇ ਹਨ।

**ਰਾਹੁਲ:** ਦਸ ਤੋਂ ਜ਼ਿਆਦਾ? ਐਨੇ ਘੱਟ ਪਾਣੀ ਵਿਚ ਐਨੇ ਘਰਾਟ! ਆਖਿਰ ਕਿਵੇਂ ਚੱਲਦੇ ਸਨ?

**ਦੀਨੂ:** ਉਦੋਂ ਇਨ੍ਹਾਂ ਨਦੀਆਂ ਵਿਚ ਪਾਣੀ ਬਹੁਤ ਜ਼ਿਆਦਾ ਹੋਇਆ ਕਰਦਾ ਸੀ। ਹੌਲੀ-ਹੌਲੀ ਪਾਣੀ ਘਟਣ ਲੱਗਿਆ ਤਾਂ ਪਣਚੱਕੀਆਂ ਵੀ ਖ਼ਤਮ ਹੋਣ ਲੱਗੀਆਂ। ਆਹ ਘਰਾਟ ਵੀ ਹੁਣ ਸਿਰਫ਼ ਮੀਂਹ ਦੇ ਮੌਸਮ ਵਿਚ ਹੀ ਚੱਲਦਾ ਹੈ। ਬਾਕੀ ਦਿਨਾਂ ਵਿਚ ਤਾਂ ਇਸ ਵਾਸਤੇ ਪਾਣੀ ਹੀ ਬਹੁਤ ਘੱਟ ਹੁੰਦਾ ਹੈ।

**ਰਾਹੁਲ:** ਪਰ ਚਾਚਾ, ਇਨ੍ਹਾਂ ਨਦੀਆਂ ਦਾ ਪਾਣੀ ਐਨੀ ਤੇਜ਼ੀ ਨਾਲ ਕਿਉਂ ਸੁੱਕ ਗਿਆ?

**ਦੀਨੂ:** ਬੇਟਾ ! ਕੀ ਤੈਨੂੰ ਔਹ ਸਾਹਮਣੇ ਨੰਗੇ ਪਹਾੜ ਦਿਸ ਰਹੇ ਹਨ ? ਉੱਥੇ ਬਾਂਜ਼ ਅਤੇ ਬੁਰਾਂਸ਼ ਦੇ ਸੰਘਣੇ ਜੰਗਲ ਹੁੰਦੇ ਸਨ। ਹੁਣ ਉੱਥੇ ਚੀੜ ਦੇ ਕੇਵਲ ਕੁੱਝ ਬਚੇ ਖੁਚੇ, ਛੋਟੇ ਮੋਟੇ ਰੁੱਖ ਹੀ ਰਹਿ ਗਏ ।

**ਰਾਹੁਲ:** ਬਾਂਜ਼ ਅਤੇ ਬੁਰਾਂਸ਼ ਦੇ ਜੰਗਲਾਂ ਵਿਚ ਭਲਾ ਅਜਿਹਾ ਕੀ ਖ਼ਾਸ ਹੈ?

**ਗੋਪਾਲ:** ਇਹ ਰੁੱਖ ਪਾਣੀ ਦਾ ਖਜ਼ਾਨਾ ਨੇ ! ਇਨ੍ਹਾਂ ਦੀਆਂ ਜੜ੍ਹਾਂ ਵਿਚ ਪਾਣੀ ਨੂੰ ਜਜ਼ਬ ਕਰਨ ਦੀ ਅਨੋਖੀ ਸ਼ਕਤੀ ਹੁੰਦੀ ਹੈ। ਇਹੀ ਕਾਰਨ ਹੈ ਕਿ ਜਿੱਥੇ-ਜਿੱਥੇ ਇਨ੍ਹਾਂ ਦੇ ਜੰਗਲ ਹਨ, ਉੱਥੇ ਪਾਣੀ ਦੀ ਕਦੇ ਵੀ ਘਾਟ ਨਹੀਂ ਹੁੰਦੀ ਅਤੇ ਪਾਣੀ ਦਾ ਪੱਧਰ ਬਣਿਆ ਰਹਿੰਦਾ ਹੈ।

**ਰਾਹੁਲ:** ਮਤਲਬ ਕਿ ਖ਼ਤਮ ਕੀਤੇ ਜਾਂਦੇ ਜੰਗਲਾਂ ਨੇ ਸਾਡੇ ਪਿੰਡਾਂ ਤੋਂ ਉਹ ਤਰਕੀਬ ਵੀ ਖੋਹ ਲਈ ਜਿਹੜੀ ਕਿ ਊਰਜਾ ਦਾ ਇਕ ਵਧੀਆ ਸ੍ਰੋਤ ਸੀ। ਇਹ ਪਣਚੱਕੀਆਂ ਤਾਂ ਬਗੈਰ ਕਿਸੇ ਪ੍ਰਦੂਸ਼ਣ ਦੇ ਆਟੇ ਦੀ ਪਿਹਾਈ ਦਾ ਕੰਮ ਅਸਾਨੀ ਨਾਲ ਕਰ ਦਿੰਦੀਆਂ ਸਨ।

**ਦੀਨੂ:** ਹਾਂ!ਉਦੋਂ ਘਰਾਂ ਤੱਕ ਪਾਣੀ ਦੀਆਂ ਪਾਈਪ ਲਾਈਨਾਂ ਵੀ ਤਾਂ ਨਹੀਂ ਸਨ ਤੇ ਲੋਕ ਵੀ ਇਨ੍ਹਾਂ ਜੰਗਲਾਂ ਤੋਂ ਉਪਜੇ ਪਾਣੀ ‘ਤੇ ਹੀ ਨਿਰਭਰ ਸਨ। ਸਾਡੇ ਵਡੇਰਿਆਂ ਨੂੰ ਇਹ ਭਲੀ ਭਾਂਤ ਪਤਾ ਸੀ ਕਿ ਜੇਕਰ ਪਾਣੀ ਚਾਹੀਦਾ ਏ ਤਾਂ ਜੰਗਲਾਂ ਨੂੰ ਬਚਾਉਣਾ ਜ਼ਰੂਰੀ ਹੈ।ਅੱਜ ਸਾਰਿਆਂ ਨੂੰ ਪਾਣੀ ਤਾਂ ਚਾਹੀਦਾ ਹੈ ਪਰ ਉਸਨੂੰ ਬਚਾਉਣ ਦੀ ਚਿੰਤਾ ਕਿਸੇ ਨੂੰ ਨਹੀਂ। ਸਾਨੂੰ ਨਾਹਰਾ ਲਾਉਣਾ ਪਵੇਗਾ **“ਨਾ ਕੱਟੋ ਤੁਸੀਂ ਇਹ ਜੰਗਲ ਸੋਹਣੇ, ਦਿੰਦੇ ਜੋ ਜੀਵਣ ਦਾਨ ਨੇ”।**

**ਗੋਪਾਲ:** ਹਾਂ ਸੱਚ! ਪਾਣੀ ਬਚਾਉਣ ਦੀ ਚਿੰਤਾ ਤੋਂ ਧਿਆਨ ਆਇਆ ਕਿ ਕੱਲ੍ਹ ਤਾਂ ਪੰਚਾਇਤ ਘਰ ਵਿਚ ਪਾਣੀ ਸੁਰੱਖਿਅਣ ਬਾਬਤ ਵਿਚਾਰ ਗੋਸ਼ਟੀ ਹੋਣੀ ਹੈ। ਉੱਥੇ ਸੁਰਜੀਤ ਕੌਰ ਮੈਡਮ ਵੀ ਆਉਣਗੇ !

**ਦੀਨੂ:** ਅੱਛਾ ! ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ ?

**ਗੋਪਾਲ:** ਹਾਂ, ਬੀ. ਡੀ. ਪੀ. ਓ. ਸੁਰਜੀਤ ਕੌਰ ਮੈਡਮ ਹੀ ਆ ਰਹੇ ਨੇ ! ਬਹੁਤ ਚੰਗੀ ਅਫਸਰ ਹੈ। ਰਾਹੁਲ ਬੇਟੇ, ਜੇ ਤੂੰ ਘਰਾਟ ਚੰਗੀ ਤਰ੍ਹਾਂ ਦੇਖ ਲਈ ਹੋਵੇ ਤਾਂ ਘਰ ਨੂੰ ਚੱਲੀਏ ? ਨਹੀਂ ਤਾਂ ਤੇਰੀ ਚਾਚੀ ਤੋਂ ਮੈਨੂੰ ਝਿੜਕਾਂ ਪੈਣਗੀਆਂ।

(ਤਿੰਨੇ ਹੱਸਦੇ ਹਨ)

**ਰਾਹੁਲ:** ਹਾਂ ਚਾਚਾ ਜੀ, ਚੱਲੋ !

**ਗੋਪਾਲ:** ਦੀਨੂ ਭਾਈ, ਤੁਸੀਂ ਕੱਲ੍ਹ ਪੰਚਾਇਤ ਭਵਨ ਵਿਚ ਜ਼ਰੂਰ ਆਇਓ ਤੇ ਨਾਲ ਬੇਟੀ ਸਰਿਤਾ ਨੂੰ ਵੀ ਲਿਆਇਓ। ਉਹ ਵੀ ਪਾਣੀ ਬਚਾਉਣ ਨੂੰ ਲੈ ਕੇ ਬਹੁਤ ਫ਼ਿਕਰਮੰਦ ਰਹਿੰਦੀ ਹੈ।

**ਦੀਨੂ:** ਹਾਂ..ਹਾਂ... ਗੋਪਾਲ ਭਾਈ ! ਜ਼ਰੂਰ..! ਜ਼ਰੂਰ ਆਵਾਂਗੇ ਅਸੀਂ ਦੋਵੇਂ ਹੀ ।

(ਪਣਚੱਕੀ ਦੀ ਆਵਾਜ਼ ਅਤੇ ਨਦੀ ਦਾ ਸ਼ੋਰ ਹੌਲੀ-ਹੌਲੀ ਧੀਮਾ ਪੈਂਦਾ ਜਾਂਦਾ ਹੈ)

**--------------ਦ੍ਰਿਸ਼ ਪਰਿਵਰਤਨ ਸੰਗੀਤ---------------**

## ਦ੍ਰਿਸ਼ 3

(ਪੰਚਾਇਤ ਭਵਨ/ ਭੀੜ ਦਾ ਹਲਕਾ ਸ਼ੋਰ/ ਮਾਈਕ ਟੈਸਟ ਕਰਨ ਦੀ ਆਵਾਜ਼)

**ਗੋਪਾਲ:** ਸਾਰੇ ਚੁੱਪ ਹੋ ਜਾਉ। ਸ਼ੋਰ ਨਾ ਕਰੋ।

(ਭੀੜ ਦਾ ਸ਼ੋਰ ਹੌਲੀ-ਹੌਲੀ ਘਟ ਜਾਂਦਾ ਹੈ)

**ਗੋਪਾਲ:** ਸਾਰੇ ਪਿੰਡ ਵਾਸੀਆਂ ਦਾ ਐਨੀ ਵੱਡੀ ਗਿਣਤੀ ਵਿਚ ਇੱਥੇ ਪਹੁੰਚਣ ਤੇ ਸ਼ੁਕਰੀਆ ਤੇ ਮੈਂ ਤੁਹਾਡਾ ਸਾਰਿਆਂ ਦਾ ਸਵਾਗਤ ਕਰਦਾ ਹਾਂ, ਜੀ ਆਇਆ ਨੂੰ ਆਖਦਾ ਹਾਂ। (ਤਾੜੀਆਂ ਦੀ ਆਵਾਜ਼) ਸਾਡੇ ਬੀ.ਡੀ. ਪੀ. ਓ. ਸ੍ਰੀਮਤੀ ਸੁਰਜੀਤ ਕੌਰ ਵੀ ਪਹੁੰਚ ਚੁੱਕੇ ਹਨ। ਸਾਰੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਬਹੁਤ ਸਵਾਗਤ ਹੈ।

**ਸੁਰਜੀਤ ਕੌਰ:** ਸ਼ੁਕਰੀਆ..ਸ਼ੁਕਰੀਆ!

**ਗੋਪਾਲ:** ਸਾਥੀਓ! ਬੀ.ਡੀ.ਪੀ. ਓ. ਮੈਡਮ ਸਮੇਂ-ਸਮੇਂ 'ਤੇ ਸਾਡੀ ਅਗਵਾਈ ਕਰਦੇ ਰਹਿੰਦੇ ਹਨ । ਅੱਜ ਪਾਣੀ ਸੁਰੱਖਿਅਣ ਨਾਲ ਜੁੜੇ ਇਸ ਪ੍ਰੋਗਰਾਮ ਵਿਚ ਇਹ ਸਾਨੂੰ ਜਲ ਸੁਰੱਖਿਅਣ ਨਾਲ ਜੁੜੇ ਮੁਦਿਆਂ ਤੇ ਚਾਨਣਾ ਪਾਉਣਗੇ ।

(ਤਾੜੀਆਂ ਦੀ ਆਵਾਜ਼)

**ਗੋਪਾਲ:** ਪ੍ਰੋਗਰਾਮ ਨੂੰ ਅੱਗੇ ਵਧਾਉਣ ਲਈ ਹੁਣ ਮੈਂ ਸ੍ਰੀਮਤੀ ਸੁਰਜੀਤ ਕੌਰ ਨੂੰ ਮੰਚ 'ਤੇ ਆਉਣ ਲਈ ਸੱਦਾ ਦਿੰਦਾ ਹਾਂ।

**ਸੁਰਜੀਤ ਕੌਰ:** ਤੁਹਾਡਾ ਸਾਰਿਆਂ ਦਾ ਧੰਨਵਾਦ! ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਪਾਣੀ ਸੁਰੱਖਿਅਣ ਦੇ ਇਸ ਪ੍ਰੋਗਰਾਮ ਵਿਚ ਤੁਸੀਂ ਐਨੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਹੋ।ਅੱਜ ਅਸੀਂ ਪਾਣੀ ਬਚਾਉਣ ਨਾਲ ਜੁੜੇ ਆਪਣੇ ਸਵਾਲ ਤੇ ਮੁਸ਼ਕਿਲਾਂ ਸਾਰਿਆਂ ਦੇ ਸਾਹਮਣੇ ਰੱਖ ਸਕਦੇ ਹਾਂ। ਇੱਥੇ ਪਾਣੀ ਦੇ ਮੁੱਦੇ ਤੇ ਖੁਲ੍ਹ ਕੇ ਚਰਚਾ ਕੀਤੀ ਜਾਵੇਗੀ! ਵਿਚਾਰ ਵਟਾਂਦਰਾ ਹੋਵੇਗਾ ! ਅੱਜ ਸਾਡੇ ਦਰਮਿਆਨ ਪਾਣੀ ਪ੍ਰਬੰਧਣ ਮਾਹਿਰ ਡਾ. ਹਰਜੀਤ ਸਿੰਘ ਵੀ ਮੌਜੂਦ ਹਨ। ਡਾਕਟਰ ਸਾਹਿਬ, ਸਾਰਿਆਂ ਵੱਲੋਂ ਤੁਹਾਡਾ ਸਵਾਗਤ ਹੈ।

(ਤਾੜੀਆਂ)

**ਡਾ. ਹਰਜੀਤ ਸਿੰਘ:** ਧੰਨਵਾਦ...ਧੰਨਵਾਦ!

**ਸੁਰਜੀਤ ਕੌਰ:** ਹੁਣ ਅਸੀਂ ਚਰਚਾ ਸ਼ੁਰੂ ਕਰਦੇ ਹਾਂ। ਪਾਣੀ ਨੂੰ ਬਚਾਉਣ, ਗੰਦੇ ਪਾਣੀ ਦੀ ਸਫਾਈ ਤੇ ਵਰਤੋਂ ਅਤੇ ਪਾਣੀ ਨਾਲ ਜੁੜੀ ਕਿਸੇ ਵੀ ਜਾਣਕਾਰੀ ਦੇ ਲਈ, ਤੁਸੀਂ ਬਿਨਾ ਝਿਜਕ ਆਪਣੀ ਗੱਲ ਰੱਖ ਸਕਦੇ ਹੋ।

**ਦੀਨੂ:** ਮੈਡਮ ਜੀ, ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਦੱਸੋ ਕਿ ਸਾਡੀਆਂ ਛੋਟੀਆਂ-ਛੋਟੀਆਂ ਨਦੀਆਂ ਸੁੱਕ ਕਿਉਂ ਰਹੀਆਂ ਹਨ। ਮੇਰੀ ਪਣਚੱਕੀ ਵੀ ਮੁਸ਼ਕਿਲ ਨਾਲ ਹੀ ਚੱਲਦੀ ਹੈ। ਕੀ ਇਹ ਭਿਆਨਕ ਸਥਿਤੀ ਹਮੇਸ਼ਾ ਹੀ ਰਹੇਗੀ?

**ਸੁਰਜੀਤ ਕੌਰ:** ਦੇਖੋ, ਅਸੀਂ ਮਿਲਕੇ ਇਹ ਸਥਿਤੀ ਬਦਲ ਸਕਦੇ ਹਾਂ ।ਤੁਸੀਂ ਸਾਰੇ ਚੰਗੀ ਤਰ੍ਹਾਂ ਸਮਝਦੇ ਹੋ ਕਿ ਪਾਣੀ ਦੇ ਬਚਾਓਣ ਵਾਸਤੇ ਜੰਗਲਾਂ ਦਾ ਬਣੇ ਰਹਿਣਾ ਕਿੰਨਾ ਜ਼ਰੂਰੀ ਹੈ ! ਇਸ ਵਾਸਤੇ ਰੁੱਖ ਲਗਾਉਣਾ ਤੇ ਰੁੱਖ ਕੱਟਣ ਤੋਂ ਰੋਕਨਾ ਵੀ ਜਰੂਰੀ ਹੈ ! ਇੱਕ ਹੋਰ ਉਪਾਅ ਹੈ ਕਿ ਪਾਣੀ ਦੀ ਵਰਤੌ ਸਮਝਦਾਰੀ ਨਾਲ ਸੰਭਲ ਕੇ ਕੀਤੀ ਜਾਵੇ !

**ਦੀਨੂ:** ਇਸ ਵਾਰ ਤਾਂ ਅਸੀਂ ਸਾਹਮਣੇ ਦੀਆਂ ਪਹਾੜੀਆਂ ਵਿਚ ਹਜ਼ਾਰਾਂ ਰੁੱਖ ਲਗਾਏ ਹਨ। ਉਨ੍ਹਾਂ ਦਾ ਤਾਂ ਕੋਈ ਵੀ ਪ੍ਰਭਾਵ ਨਜ਼ਰ ਨਹੀਂ ਆ ਰਿਹਾ।

**ਡਾ. ਹਰਜੀਤ ਸਿੰਘ:** ਐਨੀ ਛੇਤੀ ਪ੍ਰੇਸ਼ਾਨ ਹੋਣ ਦੀ ਜ਼ਰੂਰਤ ਨਹੀਂ। ਸਾਡੇ ਦੇਸ਼ ਵਿਚ ਹੀ ਅਜਿਹੇ ਬਹੁਤ ਸਾਰੇ ਉਦਾਹਰਨ ਸਾਡੇ ਸਾਹਮਣੇ ਹਨ ਜਦੋਂ ਲੋਕਾਂ ਨੇ ਪਾਣੀ ਨੂੰ ਬਚਾ ਕੇ ਸੁੱਕੇ ਇਲਾਕਿਆਂ ਦੀ ਕਿਸਮਤ ਹੀ ਬਦਲ ਦਿੱਤੀ ਹੈ ।

**ਦੀਨੂ:** ਮੈਂ ਸਮਝਿਆ ਨਹੀਂ।

**ਡਾ. ਹਰਜੀਤ ਸਿੰਘ:** ਇਸ ਗੱਲ ਨੂੰ ਤੁਸੀਂ ਰਾਜੇਂਦਰ ਸਿੰਘ ਜੀ ਦੇ ਉਦਾਹਰਨ ਨਾਲ ਚੰਗੀ ਤਰ੍ਹਾਂ ਨਾਲ ਸਮਝ ਸਕਦੇ ਹੋ।

**ਦੀਨੂ:** (ਹੈਰਾਨੀ ਨਾਲ ): ਰਾਜੇਂਦਰ ਸਿੰਘ ?

**ਡਾ. ਹਰਜੀਤ ਸਿੰਘ:** ਜੀ ਹਾਂ, ਪਾਣੀ ਬਚਾਉਣ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਬੇ ਮਿਸਾਲ ਨੇ ! ਰਾਜੇਂਦਰ ਸਿੰਘ ਨੇ ਸੰਨ 1980 ਦੇ ਦੌਰਾਨ ਰਾਜਸਥਾਨ ਵਿਚ ਪਾਣੀ ਦੀ ਕਿੱਲਤ ‘ਤੇ ਆਪਣਾ ਕੰਮ ਸ਼ੁਰੂ ਕੀਤਾ ਸੀ।

**ਸਰੀਤਾ:** ਜੀ ਕੀ ਕੀਤਾ ਸੀ ਉਨ੍ਹਾਂ ਨੇ ?

**ਡਾ. ਹਰਜੀਤ ਸਿੰਘ:** ਉਨ੍ਹਾਂ ਨੇ ਪਾਣੀ ਪਹੁੰਚਾਉਣ ਅਤੇ ਜਮ੍ਹਾ ਕਰਨ ਦੇ ਉਨ੍ਹਾਂ ਹੀ ਤਰੀਕਿਆਂ ਦੀ ਮੁੜ ਤੋਂ ਵਰਤੋਂ ਕਰਨ ਦੀ ਮੁਹਿੰਮ ਚਲਾਈ ਜਿਹੜੇ ਉਨ੍ਹਾਂ ਇਲਾਕਿਆਂ ਵਿਚ ਪਹਿਲਾਂ ਵੀ ਪ੍ਰਚਿੱਲਤ ਹੋਇਆ ਕਰਦੇ ਸਨ। ਰਾਜੇਂਦਰ ਸਿੰਘ ਨੇ ਪਿੰਡ ਵਾਸੀਆਂ ਦੀ ਮੱਦਦ ਨਾਲ ਬਹੁਤ ਸਾਰੇ ਛੋਟੇ-ਛੋਟੇ ਪੋਖਰ ਬਣਾਏ। ਮੀਂਹ ਦਾ ਪਾਣੀ ਇਨ੍ਹਾਂ ਪੋਖਰਾਂ ਵਿਚ ਇਕੱਠਾ ਹੋ ਜਾਂਦਾ ਸੀ ਅਤੇ ਉਸ ਨਾਲ ਭੂ-ਜਲ ਦਾ ਪੱਧਰ ਵੀ ਵਧਦਾ ਗਿਆ।

**ਸਰੀਤਾ:** ਪਰ ਸਰ, ਸੁੱਕੇ ਇਲਾਕਿਆਂ ਵਿਚ ਟੋਭੇ ਬਣਾਉਣ ਦੀ ਕੋਸ਼ਿਸ਼ ਤਾਂ ਬਹੁਤ ਅਜੀਬ ਹੈ।

**ਡਾ. ਹਰਜੀਤ ਸਿੰਘ:** ਹਾਂ ! ਸ਼ੁਰੂ ਵਿਚ ਉਨ੍ਹਾਂ ਦੀ ਕੋਸ਼ਿਸ਼ ਦਾ ਵੀ ਮਖੌਲ ਉਡਾਇਆ ਗਿਆ ਪਰ ਉਨ੍ਹਾਂ ਦਾ ਹੌਸਲਾ ਰੰਗ ਲਿਆਇਆ। ਪਾਣੀ ਦੀ ਘਾਟ ਕਾਰਨ ਜਿਹੜੇ ਪਿੰਡ ਬੇਆਬਾਦ ਹੋ ਰਹੇ ਸਨ ਉੱਥੇ ਵੀ ਖੇਤੀ ਹੋਣ ਲੱਗੀ। ਇਸਦੇ ਬਾਅਦ ਤਾਂ ਲੋਕਾਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਹਜ਼ਾਰਾਂ ਛੋਟੇ-ਛੋਟੇ ਟੋਭੇ ਤੇ ਜੋਹੜ ਬਣਾਏ ਗਏ। ਇਨ੍ਹਾਂ ਵਿਚ ਮੀਂਹ ਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਸੀ। ਇਹੀ ਪਾਣੀ ਧਰਤੀ ਦੀ ਨਮੀ ਨੂੰ ਵੀ ਵਧਾਉਂਦਾ ਰਹਿੰਦਾ ਸੀ।

**ਦੀਨੂ:** ਇਸ ਪ੍ਰਕਾਰ ਦੇ ਛੋਟੇ-ਛੋਟੇ ਟੋਭੇ ਬਣਾਉਣ ਦੀ ਪਰੰਪਰਾ ਤਾਂ ਉਤਰਾਖੰਡ ਦੇ ਪਹਾੜੀ ਇਲਾਕਿਆਂ ਵਿਚ ਵੀ ਰਹੀ

ਹੈ, ਜਿਨ੍ਹਾਂ ਨੂੰ ਚਾਲ-ਖਾਲ ਕਿਹਾ ਜਾਂਦਾ ਹੈ। ਹਾਲਾਂਕਿ ਹੁਣ ਲੋਕ ਇਨ੍ਹਾਂ ਨੂੰ ਭੁੱਲ ਹੀ ਗਏ ਹਨ।

**ਡਾ. ਹਰਜੀਤ ਸਿੰਘ:** ਹਾਂ ਠੀਕ ਹੈ ! ਰਾਜੇਂਦਰ ਸਿੰਘ ਨੇ ਕਈ ਨਵੀਆਂ ਜੁਗਤਾਂ ਵੀ ਲੱਭੀਆਂ, ਉਨ੍ਹਾਂ ਦਾ ਗੁਰ ਹੈ “ਜਿੱਥੇ ਪਾਣੀ ਹੈ, ਉਸ ਨੂੰ ਉੱਥੇ ਹੀ ਬਚਾਇਆ ਜਾਵੇ” ਤੇ ਉਹ ਸਫਲ ਵੀ ਹੋਏ ।ਇਸਦਾ ਅਸਰ ਹੇਠਲੇ ਪੱਧਰ ਤੱਕ ਗਿਆ ।

ਬੰਜਰ ਪਈਆਂ ਜਮੀਨਾਂ ਵਿਚ ਫਿਰ ਤੋਂ ਖੇਤੀ ਹੋਣ ਲੱਗੀ, ਪਿੰਡ ਛੱਡ ਚੁੱਕੇ ਲੋਕਾਂ ਦੀ ਵਾਪਸੀ ਹੋਣ ਲੱਗੀ, ਜਿਨ੍ਹਾਂ ਇਲਾਕਿਆਂ ਵਿਚ ਲੋਕ ਬੂੰਦ-ਬੂੰਦ ਪਾਣੀ ਨੂੰ ਤਰਸਦੇ ਸਨ ਉੱਥੇ ਵੀ ਹਰਿਆਲੀ ਨਜ਼ਰ ਆਉਣ ਲੱਗੀ।

**ਦੀਨੂ:**(ਖੁਸ਼ੀ ਭਰੀ ਆਵਾਜ਼ ਵਿਚ): ਵਾਹ! ਰਾਜੇਂਦਰ ਸਿੰਘ ਜੀ ਤਾਂ ਰਾਜਸਥਾਨ ਦੇ ਸੁੱਕੇ ਇਲਾਕਿਆਂ ਦੇ ਲੋਕਾਂ ਦੇ ਲਈ ਫਰਿਸ਼ਤਾ ਬਣ ਕੇ ਬਹੁੜੇ !

**ਡਾ. ਹਰਜੀਤ ਸਿੰਘ:** ਕੇਵਲ ਰਾਜਸਥਾਨ ਹੀ ਨਹੀਂ ਬਲਕਿ ਉਨ੍ਹਾਂ ਦੇ ਯਤਨਾਂ ਨਾਲ ਦੇਸ਼ ਦੇ ਹੋਰ ਇਲਾਕਿਆਂ ਦੇ ਲੋਕਾਂ ਨੇ ਵੀ ਸਿੱਖਿਆ ਤੇ ਇਸ ਵਿਧੀ ਨਾਲ ਪਾਣੀ ਦਾ ਸੁਰੱਖਿਅਣ ਸ਼ੁਰੂ ਕੀਤਾ। ਰਵਾਇਤੀ ਤੌਰ ਤਰੀਕਿਆਂ ਨਾਲ ਪਾਣੀ ਨੂੰ ਸੰਭਾਲਣ ਦੀ ਇਸ ਪਹਿਲ ਕਦਮੀ ਦੇ ਕਾਰਨ ਰਾਜੇਂਦਰ ਸਿੰਘ ਨੂੰ 'ਜਲ ਪੁਰਖ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

**ਦੀਨੂ:** ਕਾਸ਼! ਸ਼ਾਡੇ ਇੱਥੇ ਵੀ ਕੋਈ 'ਜਲ ਪੁਰਖ' ਹੁੰਦਾ ਜਿਹੜਾ ਇਨ੍ਹਾਂ ਸੁੱਕੀਆਂ ਨਦੀਆਂ ਨੂੰ ਨਵੀਂ ਜ਼ਿੰਦਗੀ ਦਿੰਦਾ।

**ਰਾਹੁਲ:** ਦੀਨੂ ਚਾਚਾ! ਕੋਈ ਬਾਹਰੋਂ ਥੋੜ੍ਹਾ ਆਏਗਾ। ਪਿੰਡ ਦੇ ਲੋਕਾਂ ਨੇ ਆਪਣੀ ਮੱਦਦ ਆਪ ਹੀ ਕਰਨੀ ਏ।

**ਡਾ. ਹਰਜੀਤ ਸਿੰਘ:** ਤੁਸੀਂ ਉਤਰਾਖੰਡ ਦੇ ਲੋਕ ਵੀ ਪਿਛੇ ਨਹੀਂ ! ਤੁਸੀਂ ਵੀ ਇਤਿਹਾਸ ਸਿਰਜਿਆ ਸੀ, ਰੁੱਖਾਂ ਨੂੰ ਕੱਟਣ ਤੋਂ ਰੋਕ ਕੇ ! ਚਿਪਕੋ ਅੰਦੋਲਨ ਕੀ ਸੀ ? ਉਹ ਵੀ ਤਾਂ ਜਲ ਸੰਭਾਲ ਦੇ ਹੀ ਯਤਨ ਸਨ ?

**ਰਾਹੁਲ:** ਹਾਂ ਜੀ ਐਡੇ ਸੁਨਹਿਰੇ ਇਤਿਹਾਸ ਨਾਲ ਵੀ ਜੇਕਰ ਅਸੀਂ ਚੇਤਨ ਨਾ ਹੋਏ ਤਾਂ ਇੱਥੇ ਵੀ ਹਾਲਾਤ ਵਿਗੜਨ ਵਿਚ ਸਮਾਂ ਨਹੀਂ ਲੱਗੇਗਾ। ਇਨ੍ਹਾਂ ਪਹਾੜਾਂ ਵਿਚ ਤਾਂ ਰੇਲ ਵੀ ਨਹੀਂ ਤਾਂ ਜੋ ਬਾਹਰੋਂ ਤੇਲ ਦੀ ਤਰ੍ਹਾਂ ਪਾਣੀ ਲਿਆਂਦਾ ਜਾ ਸਕੇ !
**ਸਰੀਤਾ:** ਕੀ ਕਿਹਾ ! ਰੇਲਾਂ ਰਾਹੀਂ ਪਾਣੀ ?

**ਡਾ. ਹਰਜੀਤ ਸਿੰਘ:** ਹੈਰਾਨ ਨਾ ਹੋਵੋ ! ਪਿਛਲੀਆਂ ਗਰਮੀਆਂ ਵਿਚ ਮਹਾਰਾਸ਼ਟਰ ਦੇ ਕੁਝ ਇਲਾਕਿਆਂ ਵਿਚ ਰੇਲਾਂ ਦੁਆਰਾ ਪਾਣੀ ਪਹੁੰਚਾਉਣ ਦਾ ਬੰਦੋਬਸਤ ਕਰਨਾ ਪਿਆ ਸੀ।

**ਸੁਰਜੀਤ ਕੌਰ:** ਮਹਾਰਾਸ਼ਟਰ ਦੇ ਕੁਝ ਪਿੰਡਾਂ ਵਿਚ ਲੋਕਾਂ ਨੇ ਆਪਸ ਵਿਚ ਮਿਲ ਕੇ '**ਪਾਣੀ ਪੰਚਾਇਤ**' ਰਾਹੀਂ ਪਾਣੀ ਦਾ ਅਜਿਹਾ ਪ੍ਰਬੰਧ ਕੀਤਾ ਕਿ ਦੇਸ਼ ਭਰ ਵਿਚ ਅੱਜ ਉਹ ਮਿਸਾਲ ਬਣ ਗਿਆ ਹੈ ।

**ਗੀਤਾ:** (ਹੈਰਾਨੀ ਨਾਲ): ਹੈਂ ! ਪਾਣੀ ਪੰਚਾਇਤ ?

**ਸੁਰਜੀਤ ਕੌਰ:** ਹਾਂ ਪਾਣੀ ਪੰਚਾਇਤ ! ਸੰਨ 1972 ਵਿਚ ਮਹਾਰਾਸ਼ਟਰ ਵਿੱਚ ਭਿਆਨਕ ਸੋਕੇ ਦੀ ਮਾਰ ਪੈ ਗਈ ਸੀ । ਲੱਖਾਂ ਲੋਕ ਭੁੱਖਮਰੀ ਦੇ ਸ਼ਿਕਾਰ ਹੋ ਗਏ ! ਵਿਲਾਸਰਾਵ ਸਾਲੁੰਖੇ ਵਰਗੀ ਇਕ ਸ਼ਖ਼ਸੀਅਤ ਨੇ ਇਹ ਸਮਝ ਲਿਆ ਕਿ ਇਸ ਸਥਿਤੀ ਨਾਲ ਜੂਝਣ ਵਾਸਤੇ ਜਨ ਸਮੂਹ ਨੂੰ ਮਿਲ ਕੇ ਸੋਕੇ ਦਾ ਸਾਹਮਣਾ ਕਰਨਾ ਪਵੇਗਾ ।

**ਸਰੀਤਾ:** ਤਾਂ ਉਨ੍ਹਾਂ ਨੇ ਕੀ ਕੀਤਾ ?

**ਸੁਰਜੀਤ ਕੌਰ:** ਵਿਲਾਸਰਾਵ ਜੀ ਨੇ ਪੁਰੰਦਰ ਤਹਿਸੀਲ ਦੇ ਨਿਆਗਾਂਵ ਨਾਮ ਦੇ ਪਿੰਡ ਤੋਂ ਆਪਣੀ ਮੁਹਿੰਮ ਸ਼ੁਰੂ ਕੀਤੀ। ਪਿੰਡ ਵਾਲਿਆਂ ਦੀ ਮੱਦਦ ਨਾਲ ਛੋਟੇ-ਛੋਟੇ ਬੰਨ੍ਹ ਬਣਾਉਣੇ ਸ਼ੁਰੂ ਕੀਤੇ ਅਤੇ ਪਿੰਡ ਦੀ ਨੇੜੇ ਪਹਾੜੀ ਦੇ ਹੇਠਲੇ ਹਿੱਸੇ ਵਿਚ ਇਕ ਟੋਭਾ ਪੁੱਟਿਆ। ਚਟਾਨੀ ਧਰਤੀ 'ਤੇ ਫਲਦਾਰ ਰੁੱਖ ਤੇ ਬੰਜਰ ਪਈ ਧਰਤੀ ਵਿਚ ਘਾਹ ਤੇ ਛੋਟੇ-ਛੋਟੇ ਪੌਦੇ ਲਗਾਏ।

**ਸਰੀਤਾ:** ਫਿਰ?

**ਦੀਨੂ:** ਫਿਰ ਕੀ, ਟੋਭੇ ਵਿਚ ਇਕੱਠੇ ਕੀਤੇ ਪਾਣੀ ਨਾਲ ਨਮੀ ਵਧਣ ਲੱਗੀ ਹੋਵੇਗੀ ਅਤੇ ਧਰਤੀ ਦਾ ਸੋਕਾ ਖ਼ਤਮ ਹੋਣ

ਲੱਗਿਆ ਹੋਵੇਗਾ !

**ਸੁਰਜੀਤ ਕੌਰ:** (ਹਲਕੀ ਹਾਸੀ ਦੇ ਨਾਲ): ਬਿਲਕੁਲ ਠੀਕ ! ਸੁੱਕੇ ਇਲਾਕਿਆਂ ਵਿਚ ਪਾਣੀ ਇਕੱਠਾ ਹੋਣ ਲੱਗਿਆ ਤਾਂ ਇਸ ਦਾ ਅਸਰ ਖੇਤੀ 'ਤੇ ਵੀ ਪਿਆ। ਪਿੰਡਾਂ ਦੇ ਜਿਹੜੇ ਲੋਕ ਰੋਜ਼ਗਾਰ ਦੀ ਭਾਲ ਵਿਚ ਸ਼ਹਿਰੀਂ ਚਲੇ ਗਏ ਸਨ ਉਹ ਵੀ ਖੇਤੀ ਕਰਨ ਲਈ ਵਾਪਸ ਪਿੰਡਾਂ ਨੂੰ ਮੁੜ ਆਏ।

**ਸਰੀਤਾ:** ਵਾਹ! ਕਮਾਲ !

**ਸੁਰਜੀਤ ਕੌਰ:** ਹਾਂ, ਨਿਆਗਾਂਵ ਵਿਚ ਮਿਲੀ ਇਸ ਸਫ਼ਲਤਾ ਬਾਅਦ ਵਿਲਾਸਰਾਵ ਸਾਲੁੰਖੇ ਨੇ ਮਹਾਰਾਸ਼ਟਰ ਦੇ ਹੋਰ ਇਲਾਕਿਆਂ ਵਿਚ ਵੀ ਜਲ-ਸੁਰੱਖਿਅਣ ਲਈ ਕੰਮ ਸ਼ੁਰੂ ਕੀਤਾ ! ਇਸ ਲਈ ਪਿੰਡ ਵਾਸੀਆਂ ਦੀਆਂ ਸਮਿਤੀਆਂ ਬਣਾਈਆਂ। ਇਨ੍ਹਾਂ ਸਮਿਤੀਆਂ ਨੂੰ ਹੀ ਪਾਣੀ ਪੰਚਾਇਤ ਦਾ ਨਾਂ ਦਿੱਤਾ ਗਿਆ। ਪਾਣੀ ਪੰਚਾਇਤ ਨੇ ਪਾਣੀ ਦੇ ਬਟਵਾਰੇ ਦੇ ਕਾਇਦੇ ਤੈਅ ਕੀਤੇ ! ਅਜਿਹੀ ਵਿਵਸਥਾ ਕੀਤੀ ਕਿ ਪਿੰਡਾਂ ਵਿਚ ਪਰਿਵਾਰ ਦੇ ਮੈਂਬਰਾਂ ਦੀ ਸੰਖਿਆ ਦੇ ਅਧਾਰ 'ਤੇ ਸਾਰਿਆਂ ਨੂੰ ਪਾਣੀ ਮਿਲ ਸਕੇ।

**ਸਰੀਤਾ:** ਵਿਲਾਸਰਾਵ ਸਾਲੁੰਖੇ ਤਾਂ ਬਹੁਤ ਵਿਗਿਆਨਕ ਸੋਚ ਵਾਲੇ ਵਿਅਕਤੀ ਸਨ।

**ਸੁਰਜੀਤ ਕੌਰ:** ਦਰਅਸਲ ਉਹ ਇਕ ਇੰਜੀਨੀਅਰ ਸਨ ! ਆਪਣੇ ਗਿਆਨ ਨਾਲ ਉਨ੍ਹਾਂ ਨੇ ਪਾਣੀ ਪੰਚਾਇਤ ਰਾਹੀਂ ਕਿਸਾਨਾਂ ਨੂੰ ਪਾਣੀ ਦੀ ਘੱਟ ਖਪਤ ਵਾਲੀ ਖੇਤੀ ਦੇ ਲਈ ਉਤਸ਼ਹਿਤ ਕੀਤਾ ।ਪਾਣੀ ਪੰਚਾਇਤ ਨੇ ਪਾਣੀ ਦੇ ਬਟਵਾਰੇ ਦੇ ਅਜਿਹੇ ਨਿਯਮ ਬਣਾਏ ਕਿ ਹਰ ਵਰਗ ਨੂੰ ਠੀਕ ਮਾਤਰਾ ਵਿਚ ਪਾਣੀ ਮਿਲ ਸਕੇ, ਚਾਹੇ ਉਹ ਵੱਡਾ ਜ਼ਿਮੀਂਦਾਰ ਹੋਵੇ ਜਾਂ ਫਿਰ ਕੋਈ ਭੂਮੀਹੀਨ ਕਿਸਾਨ।

**ਡਾ. ਹਰਜੀਤ ਸਿੰਘ:** ਵਿਲਾਸਰਾਵ ਸਾਲੁੰਖੇ ਦੀ ਇਹ ਪਹਿਲ ਰੰਗ ਲਿਆਉਣ ਲੱਗੀ । ਸਰਕਾਰ ਨੂੰ ਵੀ ਅੱਗੇ ਆਉਣਾ ਪਿਆ, ਜਲ ਸੰਸਾਧਨਾਂ ਦੇ ਰਖ-ਰਖਾਓ ਤੇ ਸਿੰਚਾਈ ਵਾਸਤੇ ਸਹਾਇਤਾ ਦੇਣੀ ਪਈ ।ਇਸ ਪ੍ਰਕਾਰ ਪਾਣੀ ਬਚਾਉਣ ਦਾ ਇਹ ਅਨੋਖਾ ਅੰਦੋਲਣ ਦੂਜੇ ਹਿੱਸਿਆਂ ਵਿਚ ਵੀ ਫੈਲਣ ਲੱਗਿਆ।

**ਸੁਰਜੀਤ ਕੌਰ:** ਸਥਾਨਕ ਪੱਧਰ 'ਤੇ ਜੇ ਲੋਕ ਸਕਾਰਾਤਮਕ ਪਹਿਲ ਕਰਦੇ ਨੇ ਤਾਂ ਸਰਕਾਰ ਵੀ ਮੱਦਦ ਕਰਦੀ ਹੈ।

**ਦੀਨੂ:** ਮੈਡਮ ਜੀ, ਕੀ ਕੋਈ ਅਜਿਹੀ ਯੋਜਨਾ ਨਹੀਂ ਜਿਸ ਨਾਲ ਸਾਡੀਆਂ ਇਨ੍ਹਾਂ ਨਦੀਆਂ ਵਿਚ ਪਾਣੀ ਦੀ ਕਦੇ ਵੀ ਘਾਟ ਨਾ ਹੋਵੇ..। ਮੇਰਾ ਮਤਲਬ ਏ ਕਿ ਮੇਰੀ ਪਣਚੱਕੀ ਹਮੇਸ਼ਾ ਚੱਲਦੀ ਰਹੇ।

(ਕੁਝ ਲੋਕਾਂ ਦੇ ਹੱਸਣ ਦੀ ਆਵਾਜ਼)

**ਸੁਰਜੀਤ ਕੌਰ:** (ਹਲਕੀ ਹੱਸੀ ਦੇ ਨਾਲ): ਨਦੀਆਂ ਨੂੰ ਬਚਾਉਣ ਦਾ ਤਰੀਕਾ ਹੈ ਕਿ ਉਨ੍ਹਾਂ ਦੇ ਸ੍ਰੋਤਾਂ ਨੂੰ ਜਿਊਂਦਾ ਰੱਖਿਆ ਜਾਵੇ ਤੇ ਉਨ੍ਹਾਂ ਵਿੱਚ ਗੰਦ ਮੰਦ ਨਾ ਸੁੱਟਿਆ ਜਾਵੇ ਤਾਕਿ ਨਦੀਆਂ ਦੀ ਸਿਹਤ ਠੀਕ ਰਹੇ।

**ਡਾ. ਹਰਜੀਤ ਸਿੰਘ:** ਨਦੀਆਂ ਨਾਲ ਤਾਂ ਸਾਡੀ ਸੱਭਿਅਤਾ ਤੇ ਸਭਿਆਚਾਰ ਵੀ ਜੁੜੇ ਹੋਏ ਹਨ ।ਜਿਵੇਂ ਸਾਡੇ ਦੇਸ਼ ਵਿਚ ਕਰੋੜਾਂ ਲੋਕ ਗੰਗਾ ਕਿਨਾਰੇ ਰਹਿੰਦੇ ਹਨ।ਐਨੀ ਵੱਡੀ ਜਨਸੰਖਿਆ ਦੀ ਗੰਦਗੀ ਦੇ ਨਿਕਾਸ ਦਾ ਸਹੀ ਪ੍ਰਬੰਧ ਨਾ ਹੋਣ ਕਰਕੇ ਉਹ ਗੰਗਾ ਵਿਚ ਹੀ ਮਿਲਦੀ ਰਹਿੰਦੀ ਹੈ।

**ਸੁਰਜੀਤ ਕੌਰ:** ਗੰਗਾ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਮਿਸ਼ਨ 'ਨਮਾਮਿ ਗੰਗੇ' ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਸੰਨ 2019-20 ਤੱਕ ਗੰਗਾ ਦੀ ਸਫ਼ਾਈ 'ਤੇ 20,000 ਕਰੋੜ ਰੁ: ਖਰਚ ਕੀਤੇ ਜਾਣੇ ਹਨ । ਗੰਗਾ ਦੀ ਸਫ਼ਾਈ ਦਾ ਬਜਟ ਚਾਰ ਗੁਣਾ ਵਧਾ ਦਿੱਤਾ ਗਿਆ ਹੈ ।

**ਡਾ. ਹਰਜੀਤ ਸਿੰਘ:** ਗੰਗਾ ਦੇ ਕਿਨਾਰੇ ਗੰਦ ਸਾਫ ਕਰਨ ਦੇ ਲਈ ਸੀਵਰੇਜ ਟ੍ਰੀਟਮੈਂਟ ਪਲਾਂਟ ਬਣਨਗੇ, ਆਕਸੀਕਰਨ ਪਲਾਂਟਾਂ ਦੁਆਰਾ ਪਾਣੀ ਨੂੰ ਸਾਫ਼ ਕੀਤਾ ਜਾਵੇਗਾ। ਨਦੀਆਂ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਤਦ ਹੀ ਰੰਗ ਲਿਆ ਸਕੇਗੀ ਜਦ ਅਸੀਂ ਇਨ੍ਹਾਂ ਨੂੰ ਦੂਸ਼ਿਤ ਕਰਨ ਵਾਲੇ ਕਾਰਨਾਂ 'ਤੇ ਰੋਕ ਲਗਾਵਾਂਗੇ। ਸ਼ਹਿਰਾਂ ਦੇ ਸੀਵਰੇਜ ਤੇ ਫੈਕਟਰੀਆਂ ਦੇ ਕੂੜੇ ਦਾ ਸਹੀ ਨਿਪਟਾਰਾ ਕਰਕੇ !

**ਸੁਰਜੀਤ ਕੌਰ:** ਗੰਗਾ ਵਿਚ ਸਾਫ਼ ਪਾਣੀ ਦੀ ਮਾਤਰਾ ਬਣਾਈ ਰੱਖਣ ਵਾਸਤੇ ਜ਼ਰੂਰੀ ਹੈ ਕਿ ਉਸ ਦੀਆਂ ਸਹਾਇਕ ਨਦੀਆਂ ਵੀ ਪ੍ਰਦੂਸ਼ਣ ਮੁਕਤ ਹੋਣ। ਨਦੀਆਂ ਵਿਚ ਲੋੜੀਂਦੀ ਮਾਤਰਾ ਵਿਚ ਸਾਫ਼ ਪਾਣੀ ਹੋਣ ਨਾਲ ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਨਿੱਕਲ ਆਵੇਗਾ !

**ਡਾ. ਹਰਜੀਤ ਸਿੰਘ:** ਗੰਗਾ ਦੀ ਤਰ੍ਹਾਂ ਪਾਣੀ ਤਾਂ ਪੰਜਾਬ ਦੇ ਦਰਿਆਵਾਂ ਦਾ ਵੀ ਮਲੀਨ ਹੋ ਗਿਆ ।

**ਸੁਰਜੀਤ ਕੌਰ:** ਹਾਂ ਜੀ ! ਸਤਲੁਜ, ਬਿਆਸ ਤੇ ਰਾਵੀ ਦਾ ਪਾਣੀ ਮਲੀਨ, ਘੱਗਰ ਦਾ ਪਾਣੀ ਤਾਂ ਅਤਿ ਮਲੀਨ । ਪੰਜਾਬ ਵਿੱਚ ਵੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੁੜ ਸੁਰਜੀਤ ਕੀਤਾ ਹੈ ਕਾਲੀ ਵੇਂਈ ਨੂੰ !

**ਡਾ. ਹਰਜੀਤ ਸਿੰਘ:** ਪਰ ਪਾਣੀ ਦਾ ਪ੍ਰਬੰਧਣ ਵੀ ਤਾਂ ਬਹੁਤ ਮਹੱਤਵਪੂਰਨ ਹੈ । ਸਹੀ ਤਰੀਕੇ ਨਾਲ ਪਾਣੀ ਦੀ ਵਰਤੋਂ ਵੀ ਦਿੱਕਤ ਘਟਾ ਸਕਦੀ ਹੈ ।ਘੱਟ ਰਹੇ ਪਾਣੀ ਦੀ ਸਹੀ ਵਰਤੋਂ ਤੋਂ ਬਿਨਾ ਹਾਲਾਤ ਜ਼ਿਆਦਾ ਵਿਗੜਣਗੇ।

**ਗੀਤਾ:** ਸਾਨੂੰ ਤਾਂ ਘਰਾਂ ਵਿਚ ਵਰਤੋਂ ਦੇ ਲਈ ਉਂਝ ਵੀ ਘੱਟ ਹੀ ਪਾਣੀ ਮਿਲਦਾ ਹੈ। ਅਸੀਂ ਭਲਾ ਕੀ ਕਰ ਸਕਦੇ ਹਾਂ।

**ਡਾ. ਹਰਜੀਤ ਸਿੰਘ:** ਛੋਟੀਆਂ-ਛੋਟੀਆਂ ਕੁੱਝ ਕੁ ਗੱਲਾਂ 'ਤੇ ਅਮਲ ਕਰਕੇ ਅਸੀਂ ਵੀ ਜਲ ਸੁਰੱਖਿਅਣ ਦੀ ਮੁਹਿੰਮ ਵਿਚ ਆਪਣਾ ਯੋਗਦਾਨ ਦੇ ਸਕਦੇ ਹਾਂ ।

**ਸੁਰਜੀਤ ਕੌਰ:** ਬਿਲਕੁਲ ! ਛੋਟੀਆਂ ਛੋਟੀਆਂ ਗੱਲਾਂ ਜਿਵੇਂ ਦੰਦ ਸਾਫ਼ ਕਰਦੇ ਸਮੇਂ ਟੂਟੀ ਬੰਦ ਕਰਨਾ, ਟੂਟੀਆਂ ਤੇ ਪਾਈਪਾਂ ਦੇ ਰਿਸਾਵ ਨੂੰ ਬੰਦ ਕਰਨਾ। ਨਹਾਉਣ, ਕੱਪੜੇ ਧੋਣ ਤੇ ਭਾਂਡੇ ਧੋਣ ਸਮੇਂ ਵਹੇ ਪਾਣੀ ਨਾਲ ਪੌਦਿਆਂ ਦੀ ਸਿੰਚਾਈ ਕਰਨਾ। ਜਿਆਦ ਖਰਾਬ ਪਾਣੀ ਦੀ ਵਰਤੋਂ ਨਾਲ ਪਖਾਨਿਆਂ ਦੀ ਸਫ਼ਾਈ ਕਰਨਾ !

**ਡਾ. ਹਰਜੀਤ ਸਿੰਘ:**ਹਿਮਾਲਿਆ ਦੇ ਪਰਬਤੀ ਇਲਾਕਿਆਂ ਵਿਚ ਚਾਹੇ ਲੋਕ ਪਾਣੀ ਛੋਟੀਆਂ-ਛੋਟੀਆਂ ਜਲਧਾਰਾਵਾਂ ਤੋਂ ਲੈਂਦੇ ਨੇ ਪਰ ਮੈਦਾਨੀ ਇਲਾਕਿਆਂ ਵਿਚ ਪਾਣੀ ਦਾ ਮੁੱਖ ਸ੍ਰੋਤ ਦਰਿਆਵਾਂ ਦੇ ਨਾਲ ਨਾਲ ਭੂ-ਜਲ ਵੀ ਬਣ ਗਿਆ ਹੈ । ਸਿੰਚਾਈ ਅਤੇ ਦੈਨਿਕ ਵਰਤੋਂ ਦੋਹਾਂ ਵਾਸਤੇ ।

**ਸੁਰਜੀਤ ਕੌਰ:** ਕੇਂਦਰੀ ਭੂ ਜਲ ਬੋਰਡ ਦੀ ਰਿਪੋਰਟ ਮੁਤਾਬਿਕ ਸੰਨ 1991 ਦੀ ਤੁਲਨਾ ਵਿਚ ਸੰਨ 2001 ਤੱਕ ਭੂ ਜਲ ਦੀ ਪ੍ਰਤੀ ਵਿਅਕਤੀ ਉਪਲੱਬਧਤਾ 35% ਘੱਟ ਗਈ ਹੈ।

**ਡਾ. ਹਰਜੀਤ ਸਿੰਘ:** ਪਾਣੀ ਦੀ ਘਾਟ ਵੱਡਾ ਕਾਰਨ ਹੈ ਕਿ ਮੀਂਹ ਦੇ ਪਾਣੀ ਨੂੰ ਨਾ ਸਹੇਜਣਾ ! ਪਹਿਲਾਂ ਇਹ ਟੋਭਿਆਂ, ਝੀਲਾਂ ਅਤੇ ਖੂਹਾਂ ਵਿਚ ਜਮ੍ਹਾ ਹੁੰਦਾ ਰਹਿੰਦਾ ਸੀ, ਭੂ-ਜਲ ਪੱਧਰ ਬਰਕਰਾਰ ਰਹਿੰਦਾ ਸੀ। ਹੁਣ ਝੀਲਾਂ ਤੇ ਟੋਭੇ ਖਤਮ ਹੋ ਰਹੇ ਹਨ ! ਜੰਗਲ ਵੀ ਤੇਜ਼ੀ ਨਾਲ ਕਟੇ ਜਾ ਰਹੇ ਹਨ ਜਿਸ ਕਰਕੇ ਪਾਣੀ ਦਾ ਪੱਧਰ ਤੇਜ਼ੀ ਨਾਲ ਘਟ ਰਿਹਾ ਹੈ।

**ਗੋਪਾਲ:** ਗਰਮੀਆਂ ਵਿਚ ਤਾਂ ਸਾਡੇ ਐਥੇ ਵੀ ਪਾਣੀ ਦੀ ਬਹੁਤ ਸਮੱਸਿਆ ਹੋਣ ਲੱਗੀ ਹੈ।

**ਡਾ. ਹਰਜੀਤ ਸਿੰਘ:** ਘਰਾਂ ਵਿਚ ਮੀਂਹ ਦਾ ਪਾਣੀ ਇਕੱਠਾ ਕਰਨ ਲਈ ਟੈਂਕ ਬਣਾ ਕੇ ਵੀ ਸਮੱਸਿਆ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਬਗੈਰ ਪਾਣੀ ਦੇ ਤਾਂ ਦੁਨੀਆ ਵਿਚ ਜੀਵਨ ਹੀ ਸੰਭਵ ਨਹੀਂ।

**ਸੁਰਜੀਤ ਕੌਰ:** "ਪਹਿਲਾ ਪਾਣੀ ਜੀਓ ਹੈ ਜਿਤ ਹਰਿਆ ਸਭ ਕੋਇ !"

**ਡਾ. ਹਰਜੀਤ ਸਿੰਘ:** ਜੇਕਰ ਇਹੀ ਸਥਿਤੀ ਰਹੀ ਤਾਂ ਅੱਜ ਨਹੀਂ ਤਾਂ ਕੱਲ੍ਹ, ਪਾਣੀ ਖਤਮ ਹੋ ਹੀ ਜਾਵੇਗਾ। ਇਸ ਵਾਸਤੇ ਸਾਨੂੰ ਹੁਣੇ ਤੋਂ ਵਿਕਾਸ ਦੇ ਅਜਿਹੇ ਰਸਤੇ ਦੀ ਭਾਲ ਕਰਨੀ ਹੋਵੇਗੀ ਜਿਸ ਨਾਲ ਮਨੁੱਖੀ ਜੀਵਨ ਪੱਧਰ ਵੀ ਸੁਧਰੇ ਤੇ ਵਾਤਾਵਰਣ ਵੀ ਸੰਤੁਲਿਤ ਰਹੇ।

**ਸੁਰਜੀਤ ਕੌਰ:** ਜੇ ਇਹੀ ਸਥਿਤੀ ਰਹੀ ਤਾਂ ਜਲਦੀ ਹੀ ਲੋਕਾਂ ਨੂੰ ਬੂੰਦ-ਬੂੰਦ ਪਾਣੀ ਤੋਂ ਵੀ ਮੋਹਤਾਜ ਹੋਣਾ ਪਵੇਗਾ। ਵਿਸ਼ਵ ਸਿਹਤ ਸੰਗਠਨ ਦਾ ਅਨੁਮਾਨ ਹੈ ਕਿ ਭਾਰਤ ਵਿਚ 9 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਪੀਣ ਦਾ ਸਾਫ਼ ਪਾਣੀ ਨਹੀਂ ਮਿਲ ਰਿਹਾ। ਪਿੰਡਾਂ ਦੀ ਸਥਿਤੀ ਤਾਂ ਬਹੁਤ ਹੀ ਖਰਾਬ ਹੈ।

**ਗੋਪਾਲ:** ਫਿਰ ਤਾਂ ਪਿੰਡਾਂ ਵਿਚ ਲੋਕਾਂ ਨੂੰ ਪਾਣੀ ਖਰੀਦ ਕੇ ਪੀਣਾ ਪਵੇਗਾ। ਕਿਤੇ ਅਜਿਹਾ ਨਾ ਹੋਵੇ ਕਿ ਪੀਣ ਦਾ ਪਾਣੀ ਵੀ ਵਿਦੇਸ਼ਾਂ ਤੋਂ ਮੰਗਵਾਉਣਾ ਪਏ।

(ਲੋਕਾਂ ਦੇ ਹੱਸਣ ਦੀ ਆਵਾਜ਼)

**ਸਰੀਤਾ:** ਉਹ ਤਾਂ ਹੁਣ ਵੀ ਸ੍ਰੀ ਮੁਕਤਸਰ ਸਾਹਿਬ ਦੇ ਪਿੰਡਾਂ ਵਿੱਚ ਖ੍ਰੀਦਦੇ ਨੇ 100 ਰੁਪਏ ਕਿੱਲੋ ਲੀਟਰ ਪਾਣੀ !

**ਸੁਰਜੀਤ ਕੌਰ:** ਤੁਸੀਂ ਆਪ ਹੀ ਦੇਖ ਲਵੋ ਕਿ ਪਿਛਲੇ ਸਾਲਾਂ ਦੀ ਤੁਲਨਾ ਵਿਚ ਜਲ ਸ੍ਰੋਤ ਕਿੰਨੇ ਘੱਟ ਹੁੰਦੇ ਜਾ ਰਹੇ ਹਨ।

**ਸਰੀਤਾ:** ਹਾਂ ਜੀ ! ਅੱਜ ਪਾਣੀ ਦੀ ਘਾਟ ਕਾਰਨ ਮੇਰੇ ਪਾਪਾ ਦੀ ਪਣਚੱਕੀ ਸੁੰਨੀ ਪਾਈ ਹੈ ਅਤੇ ਕੱਲ੍ਹ ਅਜਿਹਾ ਨਾ ਹੋਵੇ ਕਿ ਪਾਣੀ ਦੀ ਘਾਟ ਕਾਰਨ ਇਹ ਪਿੰਡ ਹੀ ਸੁੰਨਾ ਹੋ ਜਾਵੇ। ਮੈਂ ਤਾਂ ਪ੍ਰਣ ਕਰਦੀ ਹਾਂ ਕਿ ਆਪਣੇ ਪੱਧਰ 'ਤੇ ਉਹ ਹਰ ਕਦਮ ਚੁੱਕਾਂਗੀ ਜਿਸ ਨਾਲ ਪਾਣੀ ਦੀ ਬਰਬਾਦੀ ਨਾ ਹੋਵੇ।

**ਗੀਤਾ ਅਤੇ ਗੋਪਾਲ:** (ਉਤਸ਼ਾਹ ਦੇ ਨਾਲ) ਬੇਟੀ ਇਸ ਵਿਚ ਅਸੀਂ ਵੀ ਤੁਹਾਡੇ ਨਾਲ ਹਾਂ। ਆਖਰ ਇਨ੍ਹਾਂ ਪਿੰਡਾਂ ਨੂੰ ਬਚਾਉਣਾ ਸਾਡੇ ਸਾਰਿਆਂ ਨੂੰ ਆਿਪ ਹੀ ਪਵੇਗਾ !

**ਦੀਨੂ ਅਤੇ ਲੋਕਾਂ ਦਾ ਇਕੱਠੇ ਹੋ ਕੇ ਬੋਲਣਾ:** ਅਸੀਂ ਸਾਰੇ ਵੀ ਤੁਹਾਡੇ ਨਾਲ ਹਾਂ।

**------------------ਸਮਾਪਤੀ ਸੰਗੀਤ---------------**

**ਪ੍ਰਸ਼ਨ** 1 ਭੂ-ਜਲ ਕਿਵੇਂ ਠੀਕ ਰੱਖਿਆ ਜਾ ਸਕਦਾ ਹੈ ?

**ਉਤਰ:** ਵਰਖਾ ਦਾ ਪਾਣੀ ਸਹੇਜ ਕੇ !

**ਪ੍ਰਸ਼ਨ 2 ਪਾਣੀ ਘੱਟਣ ਦੇ ਕੀ ਕਾਰਨ ਹਨ ?**

**ਉੱਤਰ:** ਪਾਣੀ ਦੀ ਬਰਬਾਦੀ ਰੋਕ ਕੇ , ਜੰਗਲਾਂ ਦੀ ਕਟਾਈ ਰੋਕ ਕੇ, ਪਾਣੀ ਦਾ ਪ੍ਰਦੂਸ਼ਣ ਰੋਕ ਕੇ !